ਅਤਿ ਜਰੂਰੀ / ਕੋਰਟ ਕੇਸ
ਮਿਤੀ ਬੱਧ

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪੀ.ਪੀ.2 ਸ਼ਾਖਾ)

2025 18637
21/1/2025

ਵਿਸ਼ਾ- ਭਾਰਤ ਸਰਕਾਰ ਵਲੋਂ ਨਿਊ ਪੈਨਸ਼ਨ ਸਕੀਮ ਅਧੀਨ ਕੰਮ ਕਰ ਰਹੇ ਕਰਮਚਾਰੀਆਂ ਨੂੰ ਪੁਰਾਣੀ ਪੈਨਸ਼ਨ ਸਕੀਮ ਅਧੀਨ ਕਵਰ ਕਰਨ ਸਬੰਧੀ ਪੱਤਰ ਮਿਤੀ 17.02.2020 ਅਤੇ 03.03.2023 ਰਾਹੀਂ ਲਾਗੂ ਪਾਲਿਸੀ ਨੂੰ ਲਾਗੂ ਕਰਨ ਸਬੰਧੀ।

****

ਇਸ ਸ਼ਾਖਾ ਦੇ ਪੱਤਰ ਨੰਬਰ PERS-PP-20MISC/53/2022-1PP2/438-462 ਮਿਤੀ 28.11.2024 ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਪ੍ਰਸੋਨਲ ਵਿਭਾਗ ਵਲੋਂ ਪੱਤਰ ਮਿਤੀ 28.11.2024 ਰਾਹੀਂ ਆਪ ਦੇ ਵਿਭਾਗ ਪਾਸੋਂ ਸੂਚਨਾ ਮੰਗੀ ਗਈ ਸੀ। ਆਪ ਦੇ ਵਿਭਾਗ ਵਲੋਂ NPS ਅਧੀਨ ਭਰਤੀ ਹੋਏ ਕਰਮਚਾਰੀਆਂ ਦੀ ਭੇਜੀ ਗਈ ਗਿਣਤੀ / ਸੂਚਨਾ ਦੇ ਸਬੰਧ ਵਿੱਚ ਮਾਨਯੋਗ ਮੁੱਖ ਸਕੱਤਰ ਜੀ ਦੀ ਪ੍ਰਧਾਨਗੀ ਹੇਠ ਮਿਤੀ 17.01.2025 ਨੂੰ ਹੋਈ ਮੀਟਿੰਗ ਵਿੱਚ ਹਦਾਇਤ ਕੀਤੀ ਗਈ ਹੈ ਵੱਖ ਵੱਖ ਵਿਭਾਗਾਂ ਵਲੋਂ NPS ਅਧੀਨ ਭਰਤੀ ਹੋਏ ਕਰਮਚਾਰੀਆਂ ਬਾਰੇ ਪ੍ਰਾਪਤ ਹੋਈ ਸੂਚਨਾ ਦੀ ਲਗਾਤਾਰਤਾ ਵਿੱਚ ਉਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਦੇ ਨਾਮ, ਜਨਮ ਮਿਤੀ ਅਤੇ ਉਨ੍ਹਾਂ ਅਧਿਕਾਰੀਆਂ ਦੀ ਰਿਟਾਇਰਮੈਂਟ ਦੀ ਮਿਤੀ ਵੀ ਦੱਸੀ ਜਾਵੇ। ਇਸ ਲਈ ਨਾਲ ਨੱਥੀ ਪ੍ਰੋਫਾਰਮੇਂ ਅਨੁਸਾਰ ਮਿਤੀ 21-01-2025 ਤੱਕ ਸੂਚਨਾ ਭੇਜਣ ਦੀ ਖੇਚਲ ਕੀਤੀ ਜਾਵੇ ਜੀ ਅਤੇ ਨਾਲ ਹੀ ਸੂਚਨਾ ਦੀ softcopy (MS word) ਸ਼ਾਖਾ ਦੀ email id- personnelpp2branch@gmail.com ਤੇ ਵੀ ਭੇਜਣ ਦੀ ਖੇਚਲ ਕੀਤੀ ਜਾਵੇ ਜੀ।

3. ਇਸ ਨੂੰ ਪਰਮ ਅਗੇਤ ਦਿੱਤੀ ਜਾਵੇ ਜੀ।

ਸੁਪਰਡੰਟ 17/1

ਸੇਵਾ ਵਿਖੇ

1. ਪ੍ਰਬੰਧਕੀ ਸਕੱਤਰ, ਜਲ ਸਰੋਤ ਵਿਭਾਗ।
2. ਪ੍ਰਬੰਧਕੀ ਸਕੱਤਰ, ਰੱਖਿਆ ਸੇਵਾਵਾਂ ਭਲਾਈ ਵਿਭਾਗ।
3. ਪ੍ਰਬੰਧਕੀ ਸਕੱਤਰ, ਆਮ ਰਾਜ ਪ੍ਰਬੰਧ ਵਿਭਾਗ।
4. ਪ੍ਰਬੰਧਕੀ ਸਕੱਤਰ, ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ।
5. ਪ੍ਰਬੰਧਕੀ ਸਕੱਤਰ, ਆਬਕਾਰੀ ਤੇ ਕਰ ਵਿਭਾਗ।
6. ਪ੍ਰਬੰਧਕੀ ਸਕੱਤਰ, ਸੈਰ-ਸਪਾਟਾ ਅਤੇ ਸੱਭਿਆਚਾਰ ਮਾਮਲੇ ਵਿਭਾਗ।
7. ਪ੍ਰਬੰਧਕੀ ਸਕੱਤਰ, ਨਿਆਂ ਵਿਭਾਗ।
8. ਪ੍ਰਬੰਧਕੀ ਸਕੱਤਰ, ਸੂਚਨਾ ਤੇ ਲੋਕ ਸੰਪਰਕ ਵਿਭਾਗ
9. ਪ੍ਰਬੰਧਕੀ ਸਕੱਤਰ, ਮਾਲ ਪੁਨਰਵਿਕਾਸ ਤੇ ਡਿਜਾਸਟਰ ਮੈਨੇਜਮੈਂਟ ਵਿਭਾਗ।
10. ਪ੍ਰਬੰਧਕੀ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ।
11. ਪ੍ਰਬੰਧਕੀ ਸਕੱਤਰ, ਉਦਯੋਗ ਅਤੇ ਕਮਰਸ ਵਿਭਾਗ।
12. ਪ੍ਰਬੰਧਕੀ ਸਕੱਤਰ, ਕਿਰਤ ਵਿਭਾਗ।
13. ਪ੍ਰਬੰਧਕੀ ਸਕੱਤਰ, ਸਹਿਕਾਰਤਾ ਵਿਭਾਗ।
14. ਪ੍ਰਬੰਧਕੀ ਸਕੱਤਰ, ਗ੍ਰਹਿ ਵਿਭਾਗ।
15. ਪ੍ਰਬੰਧਕੀ ਸਕੱਤਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਦੇ ਬਾਲ ਵਿਕਾਸ ਵਿਭਾਗ।
16. ਪ੍ਰਬੰਧਕੀ ਸਕੱਤਰ, ਉੱਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ।

17. ਪ੍ਰਬੰਧਕੀ ਸਕੱਤਰ, ਪ੍ਰਸੋਨਲ ਵਿਭਾਗ।

18. ਪ੍ਰਬੰਧਕੀ ਸਕੱਤਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ।

19. ਪ੍ਰਬੰਧਕੀ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ।

20. ਪ੍ਰਬੰਧਕੀ ਸਕੱਤਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ।

21. ਪ੍ਰਬੰਧਕੀ ਸਕੱਤਰ, ਸ਼ਹਿਰੀ ਹਵਾਬਾਜੀ ਵਿਭਾਗ।

22. ਪ੍ਰਬੰਧਕੀ ਸਕੱਤਰ, ਸਥਾਨਕ ਸਰਕਾਰ ਵਿਭਾਗ।

23. ਪ੍ਰਬੰਧਕੀ ਸਕੱਤਰ, ਜੇਲ੍ਹਾਂ ਵਿਭਾਗ।

24. ਪ੍ਰਬੰਧਕੀ ਸਕੱਤਰ, ਖੇਤੀਬਾੜੀ ਵਿਭਾਗ।

25. ਪ੍ਰਬੰਧਕੀ ਸਕੱਤਰ, ਸਕੂਲ ਸਿੱਖਿਆ ਵਿਭਾਗ।

ਅੰ:ਵਿ:ਪੱ:ਨੰ: PERS-PP-20MISC/53/2022-1PP2/26-50 ਮਿਤੀ,ਚੰਡੀਗੜ੍ਹ 17/01/2025

## ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ) ਬਠਿੰਡਾ

ਪਿਠਅੰਕਣ ਨੰ: ਅ-1,2,4,6/1( )2025/ ਮਿਤੀ 22.1.2025

ਉਪਰੋਕਤ ਦਾ ਉਤਾਰਾ ਜਿਲੇ ਦੇ ਸਮੂਹ ਸਕੂਲ ਮੁਖੀਆਂ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਿੱਤੇ ਪ੍ਰੋਫਾਰਮਾ ਨੰ: 1 ਅਤੇ 2 ਦੀ ਸੂਚਨਾ ਭਰਕੇ ਇਸ ਦਫਤਰ ਦੀ ਮੇਲ ਆਈਡੀ **davinderdeosebti@gmail.com** ਅਤੇ **kspakkae6deosebti@g,il.com** ਤੇ ਮਿਤੀ 23.1.25 ਤੱਕ 11.00 ਵਜੇ ਤੱਕ ਐਕਸਲ ਸ਼ੀਟ ਵਿਚ ਪੰਜਾਬੀ ਵਿਚ ਭੇਜਣੀ ਯਕੀਨੀ ਬਣਾਈ ਜਾਵੇ।ਇਸ ਦੀ ਹਾਰਡ ਕਾਪੀ ਵੀ ਦਫਤਰ ਨੂੰ ਭੇਜੀ ਜਾਵੇ।ਸੂਚਨਾ ਨਾ ਭੇਜਣ ਦੀ ਸੂਰਤ ਵਿਚ ਜਿੰਮੇਵਾਰੀ ਆਪ ਦੀ ਨਿਜੀ ਹੋਵੇਗੀ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਜਿਲਾ ਸਿਖਿਆ ਅਫਸਰ (ਸੈ ਸਿ)
ਬਠਿੰਡਾ

# ਪ੍ਰੋਫਾਰਮਾ ਨੰ: 1

| ਪ੍ਰਬੰਧਕੀ ਵਿਭਾਗ ਦਾ ਨਾਮ | Cadre wise ਆਸਾਮੀਆਂ ਦੀ ਗਿਣਤੀ (Group A, B, C & D) | ਆਸਾਮੀਆਂ ਦੀ ਗਿਣਤੀ ਜਿਨ੍ਹਾਂ ਦੀ ਭਰਤੀ ਦਾ ਪ੍ਰੋਸੈੱਸ ਮਿਤੀ 1.1.2004 ਤੋ ਪਹਿਲਾਂ ਮੁਕੰਮਲ ਹੋ ਚੁੱਕਾ ਹੈ। | | |
|---|---|---|---|---|
| | | ਅਧਿਕਾਰੀਆਂ/ ਕਰਮਚਾਰੀਆਂ ਦਾ ਨਾਮ | ਅਧਿਕਾਰੀਆਂ/ ਕਰਮਚਾਰੀਆਂ ਦੀ ਜਨਮ ਮਿਤੀ | ਅਧਿਕਾਰੀਆਂ/ ਕਰਮਚਾਰੀਆਂ ਦੀ ਰਿਟਾਇਰਮੈਂਟ ਦੀ ਮਿਤੀ |
| | | | | |

# ਪ੍ਰੋਫਾਰਮਾ ਨੰ: 2

| ਪ੍ਰਬੰਧਕੀ ਵਿਭਾਗ ਦਾ ਨਾਮ | Cadre wise ਆਸਾਮੀਆਂ ਦੀ ਗਿਣਤੀ (Group A, B, C & D) | ਆਸਾਮੀਆਂ ਦੀ ਗਿਣਤੀ ਜਿਨ੍ਹਾਂ ਦਾ ਭਰਤੀ ਦਾ ਪ੍ਰੋਸੈੱਸ ਮਿਤੀ 1.1.2004 ਤੋ ਪਹਿਲਾਂ ਕਾਰਵਾਈ ਅਧੀਨ ਸੀ। | | |
|---|---|---|---|---|
| | | ਅਧਿਕਾਰੀਆਂ/ ਕਰਮਚਾਰੀਆਂ ਦਾ ਨਾਮ | ਅਧਿਕਾਰੀਆਂ/ ਕਰਮਚਾਰੀਆਂ ਦੀ ਜਨਮ ਮਿਤੀ | ਅਧਿਕਾਰੀਆਂ/ ਕਰਮਚਾਰੀਆਂ ਦੀ ਰਿਟਾਇਰਮੈਂਟ ਦੀ ਮਿਤੀ |
| | | | | |